# ਦਫ਼ਤਰ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ

(ਫੁਟਕਲ ਸ਼ਾਖਾ)

ਹੁਕਮ:-

ਜਦੋਂ ਕਿ ਇਸ ਦਫ਼ਤਰ ਦੇ ਪਿੱਠ ਅੰਕਣ ਨੰ:ਐਮ.ਏ/6313-42 ਮਿਤੀ: 24.09.2020 ਰਾਹੀਂ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰ:2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦੀਨਾਨਗਰ-ਤਾਰਾਗੜ੍ਹ-ਨਰੋਟ ਜੈਮਲ ਸਿੰਘ-ਫਤਿਹਪੁਰ-ਨਗਰੀ-ਕਠੂਆ ਰੋਡ ਉਪਰ ਕਰਸ਼ਰ ਇੰਡਸਟਰੀ ਨਾਲ ਸੰਬਧਤ ਵਹੀਕਲਾਂ ਅਤੇ ਹੋਰ ਹੈਵੀ ਵਹੀਕਲ/ਟਰਾਲਿਆਂ ਨੂੰ ਸਵੇਰੇ 07:00 ਵਜੇ ਤੋਂ ਸਵੇਰੇ 08:30 ਵਜੇ ਤੱਕ ਅਤੇ ਬਾਅਦ ਦੁਪਹਿਰ 12:30 ਵਜੇ ਤੋਂ ਸ਼ਾਮ 7:00 ਵਜੇ ਤੱਕ ਚਲੱਣ ਤੋਂ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਸਨ।

ਹੁਣ ਉਪ ਮੰਡਲ ਮੈਜਿਸਟਰੇਟ, ਪਠਾਨਕੋਟ ਦੇ ਪੱਤਰ ਨੰ: 874/ਐਮ.ਸੀ ਮਿਤੀ: 12.10.2020 ਰਾਹੀਂ ਨਾਇਬ-ਤਹਿਸੀਲਦਾਰ, ਨਰੋਟ ਜੈਮਲ ਸਿੰਘ ਅਤੇ ਐਸ.ਐਚ.ਓ ਤਾਰਾਗੜ੍ਹ ਦੀ ਪਾਪਤ ਹੋਈ ਟਿੱਪਣੀ ਨੂੰ ਮੁੱਖ ਰਖਦੇ ਹੋਏ ਕੀਤੀ ਗਈ ਸ਼ਿਫਾਰਸ ਦੇ ਸਨਮੁੱਖ ਜਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰ:2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦੀਨਾਨਗਰ-ਤਾਰਾਗੜ੍ਹ-ਨਰੋਟ ਜੈਮਲ ਸਿੰਘ-ਫਤਿਹਪੁਰ-ਨਗਰੀ-ਕਠੂਆ ਰੋਡ ਉਪਰ ਕਰਸ਼ਰ ਇੰਡਸਟਰੀ ਨਾਲ ਸੰਬਧਤ ਵਹੀਕਲਾਂ ਨੂੰ ਸਵੇਰੇ 6:00 ਵਜੇ ਤੋਂ ਰਾਤ 8:00 ਵਜੇ ਤੱਕ ਚਲੱਣ ਤੋਂ ਪੂਰਨ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕਰਦਾ ਹਾਂ।

ਮਾਮਲੇ ਦੀ ਤਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫ਼ਾ ਪਾਸ ਕੀਤਾ ਜਾਂਦਾ ਹੈ ਅਤੇ ਆਮ ਜਨਤਾ ਨੂੰ ਸੰਬੋਧਿਤ ਕੀਤਾ ਜਾਂਦਾ ਹੈ। ਇਸ ਹੁਕਮ ਦਾ ਪ੍ਰਚਾਰ ਜ਼ਿਲ੍ਹਾ ਲੋਕ ਸੰਪਰਕ ਵਿਭਾਗ, ਪਠਾਨਕੋਟ ਵੱਲੋਂ ਪ੍ਰਿੰਟ/ਡੀਜੀਟਲ ਮੀਡੀਆ ਰਾਹੀਂ ਕਰਵਾਇਆ ਜਾਵੇਗਾ।

ਇਹ ਹੁਕਮ ਮਿਤੀ **15.10.2020 ਤੋਂ 31.12.2020** ਤੱਕ ਲਾਗੂ ਰਹੇਗਾ।

ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ ਇਹਨਾਂ ਹੁਕਮਾਂ ਦੀ ਪਾਲਣਾ ਕਰਵਾਉਣਾ ਯਕੀਨੀ ਬਣਾਉਣਗੇ। ਇਹ ਹੁਕਮ ਮੇਰੇ ਹਸਤਾਖਰਾਂ ਅਤੇ ਅਦਾਲਤੀ ਮੋਹਰ ਹੇਠ ਮਿਤੀ 15.10.2020 ਨੂੰ ਜਾਰੀ ਹੋਇਆ।

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।

ਪਿੱਠ ਅੰਕਣ ਨੰ: ਐਮ.ਏ./ 9055-9082 ਮਿਤੀ: 15-10-2020

ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਵਾਉਣ ਹਿੱਤ ਭੇਜਿਆਜਾਂਦਾ ਹੈ:-
ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।

1. ਪ੍ਰਮੁੱਖ ਸਕੱਤਰ, ਗ੍ਰਹਿ ਵਿਭਾਗ, ਪੰਜਾਬ, ਚੰਡੀਗੜ੍ਹ।
2. ਵਿੱਤ ਕਮਿਸ਼ਨਰ (ਮਾਲ), ਪੰਜਾਬ, ਚੰਡੀਗੜ੍ਹ।
3. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
4. ਜ਼ਿਲ੍ਹਾ ਅਤੇ ਸੈਸ਼ਨ ਜੱਜ, ਪਠਾਨਕੋਟ/ਗੁਰਦਾਸਪੁਰ।
5. ਸੀਨੀਅਰ ਪੁਲਿਸ ਕਪਤਾਨ, ਪਠਾਨਕੋਟ।
6. ਕਮਿਸ਼ਨਰ, ਨਗਰ ਨਿਗਮ, ਪਠਾਨਕੋਟ।
7. ਉਪ ਮੰਡਲ ਮੈਜਿਸਟਰੇਟ, ਪਠਾਨਕੋਟ/ਧਾਰ ਕਲ੍ਹਾਂ।
8. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਪਠਾਨਕੋਟ।
9. ਜ਼ਿਲ੍ਹਾ ਵਿਕਾਸ ਅਤ ਪੰਚਾਇਤ ਅਫ਼ਸਰ, ਪਠਾਨਕੋਟ।
10. ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਪਠਾਨਕੋਟ ਨੂੰ ਆਮ ਲੋਕਾਂ ਵਿੱਚ ਪ੍ਰਚਾਰ ਕਰਨ ਹਿੱਤ ਭੇਜਿਆ ਜਾਂਦਾ ਹੈ।
11. ਤਹਿਸੀਲਦਾਰ/ ਨਾਇਬ ਤਹਿਸੀਲਦਾਰ ਪਠਾਨਕੋਟ /ਧਾਰ ਕਲ੍ਹਾਂ/ਬਮਿਆਲ /ਨਰੋਟ ਜੈਮਲ ਸਿੰਘ।
12. ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ (ਭ ਤੇ ਮ), ਪਠਾਨਕੋਟ।
13. ਬੀ.ਡੀ.ਪੀ.ਓ., ਪਠਾਨਕੋਟ /ਬਮਿਆਲ/ਧਾਰ ਕਲ੍ਹਾਂ/ਨਰੋਟ ਜੈਮਲ ਸਿੰਘ/ਸੁਜਾਨਪੁਰ/ਘਰੋਟਾ।
14. ਕਾਰਜ ਸਾਧਕ ਅਫ਼ਸਰ, ਨਗਰ ਕੌਂਸ਼ਲ, ਸੁਜਾਨਪੁਰ।
15. ਕਾਰਜ ਸਾਧਕ ਅਫ਼ਸਰ, ਨਗਰ ਸੁਧਾਰ ਟ੍ਰਸਟ, ਪਠਾਨਕੋਟ।
16. ਕਾਰਜ ਸਾਧਕ ਅਫ਼ਸਰ, ਨਗਰ ਪੰਚਾਇਤ, ਨਰੋਟ ਜੈਮਲ ਸਿੰਘ।
17. ਪੀ.ਏ ਟੂ ਜ਼ਿਲ੍ਹਾ ਮੈਜਿਸਟਰੇਟ, ਸਟੈਨੋ ਟੂ ਵਧੀਕ ਜ਼ਿਲ੍ਹਾ ਮੈਜਿਸਟਰੇਟ, ਪਠਾਨਕੋਟ।

DISTRICT MAGISTRATE

ਜ਼ਿਲ੍ਹਾ ਮੈਜਿਸਟਰੇਟ,
ਪਠਾਨਕੋਟ।